# Ajeet Cour’s Interview

ਸਭ ਤੋਂ ਪਹਿਲਾਂ ਇਹ ਕਿ ਮੈਂ 1934 ਵਿੱਚ 16 ਨਵੰਬਰ ਨੂੰ ਇਸ ਜ਼ਮੀਨ ਤੇ ਆਈ। ਔਰ ਆਪਣੀ ਮਾਂ ਦੇ ਸਹਿਯੋਗ ਨਾਲ, ਉਹਨਾਂ ਦੀ ਕਿਰਪਾ ਨਾਲ। ਔਰ ਲਾਹੌਰ ਵਿੱਚ ਮੈਂ ਜੰਮੀ, ਜਿਹੜਾ ਇਸ ਵੇਲੇ ਪਾਕਿਸਤਾਨ ਵਿੱਚ ਹੈ। ਤੇ ਮੇਰਾ ਜਿਹੜਾ ਨਾੜੂ ਹੈ, ਨਾੜ ਜਿਹਨੂੰ ਕਹਿੰਦੇ ਨੇ, ਨਾੜੂ, ਉਹ ਉੱਥੇ ਦੱਬਿਆ ਹੋਇਆ ਹੈ। ਤੇ ਅੱਧਾ ਮੇਰਾ ਜਿਸਮ ਦਾ ਹਿੱਸਾ ਉੱਥੇ ਹੀ ਹੈ ਹਲੇ। ਤੇ ਚੈਂਬਰਲੈਂਡ ਰੋਡ ਇਕ ਸੜਕ ਹੁੰਦੀ ਸੀ, ਉਹ ਡਾਕਟਰਾਂ ਦੀ ਸੜਕ ਸੀ, ਸਾਰੇ ਡਾਕਟਰ ਸਨ ਦੋਨਾਂ ਪਾਸੇ। ਮੇਰੇ ਪਿਤਾ ਜੀ ਵੀ ਡਾਕਟਰ ਸਨ। ਤੇ ਅਸੀਂ ਚੈਂਬਰਲੈਂਡ ਰੋਡ ਤੇ ਰਹਿੰਦੇ ਸੀ। ਥੱਲੇ ਸਭਦੇ ਕਲੀਨਿਕ ਸਨ, ਉੱਤੇ ਰਹਿਣ ਦੀਆਂ ਥਾਂਵਾਂ ਸਨ, ਰਹਿਣ ਦੇ ਫ਼ਲੈਟ ਸਨ। ਤੇ ਵੱਡੀਆਂ-ਵੱਡੀਆਂ ਹਵੇਲੀਆਂ ਸਨ। ਤੇ ਉੱਥੇ ਮੈਂ ਜੰਮੀ। ਔਰ ਉੱਥੇ ਹੀ ਫੇਰ ਥੋੜੀ ਵੱਡੀ ਹੋਈ। ਉੱਥੇ ਹੀ ਸਕੂਲੇ ਦਾਖਲ ਕਰਾ ਦਿੱਤਾ ਮੇਰੇ ਪਿਤਾ ਜੀ ਨੇ। ਪਹਿਲਾਂ ਤਾਂ ਉਹ ਕਹਿੰਦੇ ਸੀ ਕਿ ਨਹੀਂ ਸਕੂਲ ਨੀ ਭੇਜਣਾ, ਕੁੜੀਆਂ ਚੌੜ ਹੋ ਜਾਂਦੀਆਂ ਨੇ। ਤੇ ਉਹਨਾਂ ਘਰ ਗੱਵਰਨੈਸ ਰੱਖ ਦਿੱਤੀ ਪੜਾਉਣ ਵਾਸਤੇ। ਇਕ ਮਾਸਟਰ ਵੀ ਰੱਖਿਆ। ਫੇਰ ਮਾਸਟਰ ਨਾਲ ਉਹ ਗੁੱਸੇ ਹੋ ਗਏ। ਫੇਰ ਉਹਨਾਂ ਸਕੂਲ ਵਿੱਚ ਦਾਖਲ ਕਰਾ ਦਿੱਤਾ। ਸੇਕਰਿਡ ਹਾਰਟ ਸਕੂਲ ਹੁੰਦਾ ਸੀ, ਕੌਨਵੈਂਟ ਸੀ। ਆਇਰਿਸ਼ ਨੰਨਜ਼ ਹੁੰਦੀਆਂ ਸੀ। ਤੇ ਉੱਥੋਂ ਹੀ ਮੇਰਾ ਜਿਹੜਾ ਨਾਂ ਹੈ ਉਹ “ਕੇ” ਦੀ ਥਾਂ ਤੇ “ਸੀ” ਮੈਂ ਲਿਖਦੀ ਹਾਂ,ਇਹ ਉੱਥੇ ਹੀ ਸ਼ੁਰੂ ਹੋਇਆ। ਕਿਉਂਕਿ ਜਿਹੜੀਆਂ ਆਇਰਿਸ਼ ਨੰਨਜ਼ ਸਨ, ਉਹਨਾਂ ਨੂੰ ਸਮਝਾਉਣਾ ਨਹੀਂ ਸੀ ਆਉਂਦਾ ਕਿ ਪ੍ਰੋਨਨਸੀਏਸ਼ਨ“ਸੀ” ਔਰ “ਕੇ” ਦਾ ਕੀ ਫਰਕ ਦੱਸੀਏ ਪੰਜਾਬੀ ਬੱਚਿਆਂ ਨੂੰ।ਇਹਨਾਂ ਨੂੰ “ਸੀ” ਬੋਲਣਾ ਹੀ ਨਹੀਂ ਆਉਂਦਾ। ਤੇ ਉਹ ਕਹਿੰਦੇ ਸੀ ਕਿ “ਸੀ” ਜਿਹੜੀ ਹੈ ਨਾ ਉਹਨੂੰ ਇੱਥੋਂ ਗਲੇ ਦੇ ਵਿੱਚ ਹਵਾ ਭਰ ਲਓ “ਖ”, ਨੌਟ “ਕ”। ਕਹਿੰਦੀਆਂ ਸੀ “ਕੇ” ਮੈਸਕੁਲਿਨ ਹੈਗਾ। “ਸੀ” ਸੌਫਟਰ ਹੈ, ਇਹ ਫੈਮਿਨਇਨ ਹੈ। ਮੈਂ ਕਿਹਾ ਹਟਾਓ ਫੇਰ “ਕੇ”, ਮੈਸਕੁਲਿਨ ਕੀ ਕਰ ਰਿਹਾ ਹੈ ਮੇਰੇ ਨਾਮ ਵਿੱਚ। ਹੌਲੀ-ਹੌਲੀ ਨੌਟ ਦੈਟ ਯੰਗ, ਹਾਲੀ ਇੰਨੀ ਛੋਟੀ ਮੈਂ ਜਦੋਂ ਸੀ ਉੱਦੋਂ ਤਾਂ ਨਹੀਂ,ਪਰ ਦਿਮਾਗ ਵਿੱਚ ਰਹੀ ਗੱਲ ਕਿ “ਕੇ” ਮੈਸਕੁਲਿਨ ਹੈ, ਔਰ “ਸੀ” ਫੈਮਿਨਇਨ ਹੈ। ਔਰਤ ਲਿੰਗ ਹੈ। ਪੁਲਿੰਗ ਉਹ। ਤੇ ਸੋ ਇਸ ਕਰਕੇ ਮੈਂ ਆਪਣਾ ਨਾਂ “ਕੇ” ਦੀ ਥਾਂ ਤੇ “ਸੀ” ਨਾਲ ਲਿੱਖਣਾ ਸ਼ੁਰੂ ਕਰ ਦਿੱਤਾ। ਖੈਰ ਉੱਥੇ ਫੇਰ ਉੱਥੋਂ ਅੰਮ੍ਰਿਤਾ ਪ੍ਰੀਤਮ ਦੇ ਪਿਤਾ ਜੀ ਹਿਤਕਾਰੀ ਜੀ ਹੁੰਦੇ ਸੀ, ਕਰਤਾਰ ਸਿੰਘ ਹਿਤਕਾਰੀ ਜੀ। ਉਹ ਆਏ ਸਾਡੇ ਘਰ। ਤੇ ਉਹਨਾਂ ਪਿਤਾ ਜੀ ਨੂੰ ਬਹੁਤ ਡਾਂਟਿਆ ਕਿ ਅੰਗ੍ਰੇਜ਼ੀਆਂ ਪੜ੍ਹਾਉਣ ਵਾਲੇ ਸਕੂਲ ਵਿੱਚ ਤੁਸੀਂ ਦਾਖਲ ਕਰਾ ਦਿੱਤਾ ਹੈ, ਉੱਥੇ ਪੰਜਾਬੀ ਤਾਂ ਪੜ੍ਹਾਉਂਦੇ ਹੀ ਨਹੀ। ਔਰ ਮੇਰੇ ਨਾਨਾ ਜੀ ਬਹੁਤ ਵੱਡੇ ਧਾਰਮਿਕ ਆਗੂ ਸਨ, ਗੁਜ਼ਰਾਂਵਾਲੇ ਵਿੱਚ। ਤੇ ਉਹ ਕਰਤਾਰ ਸਿੰਘ ਹਿਤਕਾਰੀ ਵੀ ਗੁਜ਼ਰਾਂਵਾਲੇ ਤੋਂ ਹੀ ਆਏ ਸੀ। ਤੇ ਉਹਨਾਂ ਦੇ ਬੜੇ ਚੇਲੇ ਸਨ। ਉਹ ਕਹਿਣ ਲੱਗੇ ਬਾਪੂ ਈਸ਼ਰ ਸਿੰਘ ਦੀ ਦੋਤਰੀ ਹੋਵੇ ਤੇ ਉਹ ਪੰਜਾਬੀ ਨਾ ਪੜ੍ਹੇ। ਇਹਨੂੰ ਉਠਾਓ ਉਹ ਸਕੂਲੋਂ, ਮੇਰੇ ਹਵਾਲੇ ਕਰੋ ਛੇ ਮਹੀਨੇ, ਮੈਂ ਇਹਨੂੰ ਪੰਜਾਬੀ ਪੜ੍ਹਾਉਂਦਾ ਹਾਂ। ਉਠਾ ਲਿਆ ਸਕੂਲੋਂ। ਉੱਦੋਂ ਖੇਡ-ਤਮਾਸ਼ਾ ਹੁੰਦਾ ਸੀ ਨਾ। ਕੁੜੀਆਂ ਦੀ ਜਿਹੜੀ ਐਜੁਕੇਸ਼ਨ ਹੈ, ਉਹਦਾ ਕੋਈ ਖਾਸ ਮਤਲਬ ਨਹੀਂ ਸੀ ਹੁੰਦਾ। ਉਹਨਾਂ ਨੂੰ ਆਰੇ ਲਆਉਣ ਵਾਸਤੇ ਸਕੂਲ ਦਾਖਲ ਕਰਾ ਦਿਓ। ਨਾ ਸਕੂਲ ਚੰਗਾ ਲੱਗੇ, ਉੱਠਾ ਲਓ। ਸੋ ਉਠਾ ਕੇ ਕਰਤਾਰ ਸਿੰਘ ਹਿਤਕਾਰੀ ਦੇ ਹਵਾਲੇ ਮੈਨੂੰ ਕਰ ਦਿੱਤਾ। ਔਰ ਮੈਂ ਅੱਠਾਂ ਸਾਲਾਂ ਦੀ ਸੀ ਜਦੋਂ ਮੈਂ ਪੜ੍ਹ ਰਹੀ ਸੀ ਹੀਰ-ਰਾਂਝਾ, ਤੇ ਸੱਸੀ-ਪੁੰਨੂ, ਮਿਰਜ਼ਾ-ਸਾਹਿਬਾ, ਤੇ ਗੁਰਬਾਣੀ ਤੇ ਕਈ ਕੁੱਛ। ਔਰ ਸਾਢੇ ਅੱਠ ਸਾਲ ਦੀ ਸੀ ਜਦੋਂ ਉਹ ਨਾ ਮੈਨੂੰ ਕੁੱਛੜ ਚੁੱਕ ਕੇ ਲੈ ਜਾਂਦੇ ਸੀ, ਰੋਂਦੀ

ਸੀ, ਮੈਂ ਨੀ ਜਾਣਾ ਇਮਤਿਹਾਨ ਦੇਣ। ਕੁੱਛੜ ਚੁੱਕ ਕੇ ਲੈ ਜਾਂਦੇ ਸੀ, ਮੈਨੂੰ ਇਮਤਿਹਾਨ ਦਵਾ ਦੇਂਦੇ ਸੀ। ਉੱਥੇ ਜਾ ਕੇ ਕੁਰਸੀ ਤੇ ਬਿਠਾ ਦੇਣਾ, ਤੇ ਕਹਿਣਾ ਮੈਂ ਬਾਹਰ ਹੀ ਹਾਂ, ਫਿਕਰ ਨਾ ਕਰ। ਤੇ ਉੱਥੇ ਮੈਂ ਇਮਤਿਹਾਨ ਦੇ ਆਉਣਾ। ਸੋ ਸਾਢੇ ਅੱਠ ਸਾਲ ਦੀ ਸੀ ਜਦੋਂ ਬੁੱਧੀਮਾਨ, ਬੁੱਧੀਮਾਨੀ ਦੈਟ ਇਜ਼ ਗ੍ਰੈਜੂਏਸ਼ਨ ਇੰਨ ਪੰਜਾਬੀ, ਉਹ ਮੈਂ ਕਰ ਲਈ। ਤੇ ਬੜੀਆਂ ਅਖਬਾਰਾਂ ਦੇ ਫਰੰਟ ਪੇਜਜ਼ ਤੇ ਤਸਵੀਰਾਂ ਛਪੀਆਂ। ਔਰ ਮੈਂ ਡਰੀ ਹੋਈ, ਸਹਿਮੀ ਹੋਈ ਉਹਨਾਂ ਤਸਵੀਰਾਂ ਦੇ ਵਿੱਚ ਬੈਠੀ ਹੋਈ। ਔਰ ਬੀਜੀ ਨੇ ਕਿਹਾ ਉੱਦੋਂ ਤੱਕ ਮੈਂ ਫਰਾਕਾਂ ਪਾਉਂਦੀ ਸੀ। ਬੀਜੀ ਨੇ ਕਿਹਾ ਨਹੀਂ ਜੇ ਅਖਬਾਰ ‘ਚ ਤਸਵੀਰ ਛਪਣੀ ਹੈ ਫਰਾਕ ਵਾਲੀ ਨਹੀਂ ਛਪ ਸਕਦੀ। ਇਹਨੂੰ ਸਲਵਾਰ ਕਮੀਜ਼ ਪਵਾਓ। ਤੇ ਉਹਨਾਂ ਫਟਾ-ਫਟ ਇਕ ਸਾਟਨ ਦੀ ਸਲਵਾਰ ਸੀ ਦਿੱਤੀ ਤੇ ਇਕ ਸਾਟਨ ਦੀ ਕਮੀਜ਼ ਸੀ ਦਿੱਤੀ। ਘਰੋਂ ਕੱਪੜਾ ਜਿਹੜਾ ਮਿਲਿਆ ਉਹ ਉਹਨਾਂ ਸਿਓਂ ਦਿੱਤਾ। ਹੁਣ ਸਾਟਨ ਦੀ ਸਲਵਾਰ, ਸਾਟਨ ਦੀ ਕਮੀਜ਼ ਔਰ ਉੱਤੇ ਬਨਾਰਸੀ ਦੁੱਪਟਾ ਲਿਆ ਹੋਏ, ਸਿਰ ਢੱਕਿਆ ਹੋਏ ਸਾਡੇ ਅੱਠ ਸਾਲ ਦਾ ਬੱਚਾ, ਉਹਦੁੱਪਟਾ ਖਿਸਕੀ ਜਾਏ। ਸਲਵਾਰ ਮੈਨੂੰ ਲੱਗਾ ਲੱਥ ਜਾਏਗੀ, ਚੁੰਨੀ ਤਿਲਕ ਜਾਏਗੀ। ਬਸ ਉਹਦੇ ਨਾਲ ਹੀ ਨਾ ਮੈਂ ਇਸ ਤਰ੍ਹਾਂ ਕਸੀ ਹੋਈ, ਆਪਣੇ ਆਪ ਨੂੰ ਕੱਸ ਕੇ ਬੈਠੀ ਹੋਈ। ਤੇ ਉਹ ਮੇਰੀਆਂ ਤਸਵੀਰਾਂ ਸਾਰੀਆਂ ਅਖਬਾਰਾਂ ‘ਚ ਛਪੀਆਂ ਸੀ। ਉਸ ਤੋਂ ਬਾਅਦ ਸਵਾਲ ਉੱਠਿਆ ਸੀ ਯੂਨੀਵਰਸਿਟੀ ‘ਚ ਕਿ ਸਾਢੇ ਅੱਠ ਸਾਲ ਦਾ ਬੱਚਾ ਕਿਸ ਤਰ੍ਹਾਂ ਯੂਨੀਵਰਸਿਟੀ ਦੇ ਇਮਤਿਹਾਨ ਦੇ ਗਿਆ। ਫੇਰ ਉਹਨਾਂ ਨੇ ਕਾਨੂੰਨ ਬਣਾਇਆ ਕਿ ਚੌਦਾਂ ਸਾਲ ਤੋਂ ਘੱਟ ਦਾ ਬੱਚਾ ਯੂਨੀਵਰਸਿਟੀ ਅਗਜ਼ੈਮ ਨਹੀਂ ਦੇ ਸਕਦਾ। ਸੋ ਉਹ ਰਿਕਾਰਡ ਹੈ ਮੇਰਾ ਜਿਹੜਾ ਟੁੱਟ ਹੀ ਨਹੀਂ ਸਕਦਾ ਕਿਉਂਕਿ ਕਾਨੂੰਨ ਬਦਲ ਗਿਆ ਹੈ। ਸੋ, ਇਸ ਤਰ੍ਹਾਂ ਫੇਰ ਉਸ ਤੋਂ ਬਾਅਦ ਸੇਕਰਿਡ ਹਾਰਟ ਨੇ ਕਿਹਾ ਅਸੀਂ ਵਾਪਿਸ ਨਹੀਂ ਲੈਣਾ, ਤੁਸੀਂ ਛੇਆਂ-ਅੱਠਾਂ ਮਹੀਨਿਆਂ ਬਾਅਦ ਆ ਰਹੇ ਹੋਂ। ਫੇਰ ਮੈਨੂੰ ਹਿਤਕਾਰੀ ਜੀ ਨੂੰ ਉੱਦੋਂ ਤੱਕ ਨੌਕਰੀ ਮਿਲ ਗਈ ਸੀ ਖਾਲਸਾ ਸਕੂਲ। ਹਿਤਕਾਰੀ ਜੀ ਨੇ ਕਿਹਾ ਇਹਨੂੰ ਇੱਥੇ ਹੀ ਦਾਖਲ ਕਰਾ ਦਿਓ। ਤੇ ਕਿੱਥੇ ਮੈਂ ਸੈਕਿੰਡ ਕਲਾਸ ਵਿੱਚ ਪੜ੍ਹਦੀ ਸੀ, ਵਿੱਚੋਂ ਬੁਧੀਮਾਨੀ ਹੋਕੇ ਮੈਂ, ਅੱਠਵੀਂ ‘ਚ ਦਾਖਲ ਕਰਾ ਤਾ। ਅੱਠਵੀਂ ‘ਚ ਦਾਖਲ ਕਰਾਇਆ। ਹਲੇ ਸਾਲ ਵੀ ਨਹੀਂ ਸੀ ਹੋਇਆ ਤੇ ਪਾਕਿਸਤਾਨ ਬਣ ਗਿਆ। ਫੇਰ ਅਸੀਂ ਉੱਦੋਂ ਹਾਲੀ ਛੁਰੇ ਵੱਜਣੇ ਸ਼ੁਰੂ ਹੋਏ ਸੀ, ਅੱਗਾਂ ਲੱਗਣੀਆਂ ਸ਼ੁਰੂ-ਸ਼ੁਰੂ ਹੋਈਆਂ ਸੀ। ਕਤਲ ਸ਼ੁਰੂ ਹੋਏ ਸੀ। ਮਈ ਦੇ ਵਿੱਚ, 1947 ‘ਚ ਤੇ ਮੇਰੇ ਪਿਤਾ ਜੀ ਨੇ ਤੇ ਮਾਂ ਨੇ ਕਿਹਾ ਕਿ ਬਈ ਇਹ ਚਾਰ-ਪੰਜਾਂ ਦਿਨਾਂ ਦਾ ਰੌਲਾ ਹੈ, ਇਹ ਕੋਈ ਹਮੇਸ਼ਾਂ ਥੋੜੀ ਰਹਿਣਾ ਹੈ। ਇਹ ਥੋੜੇ ਦਿਨਾਂ ਵਾਸਤੇ ਲਹੌਰੋਂ ਬਾਹਰ ਚਲੇ ਜਾਣੇ ਹਾਂ। ਤੇ ਮੇਰੀ ਮਾਸੀ ਰਹਿੰਦੀ ਸੀ ਸ਼ਿਮਲੇ। ਉਹਨਾਂ ਕਿਹਾ ਅਸੀਂ ਕੋਠੀ ਇੱਥੇ ਬੁੱਕ ਕਰ ਦਿੰਨੇ ਹਾਂ, ਤੁਸੀਂ ਇੱਥੇ ਆ ਜਾਓ। ਤੇ ਅਸੀਂ ਸ਼ਿਮਲੇ ਚਲੇ ਗਏ। ਸ਼ਿਮਲਿਓਂ ਫੇਰ ਵਾਪਿਸ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੋਇਆ। ਉਹ ਝਗੜੇ ਵਧਦੇ ਗਏ, ਕਤਲ ਵਧਦੇ ਗਏ, ਅੱਗਾਂ ਲਗਣੀਆਂ ਵਧਦੀਆਂ ਗਈਆਂ। ਔਰ ਆਖਰ ਦੇ ਵਿੱਚ ਅੱਧੀ ਰਾਤੀਂ ਪਤਾ ਲੱਗਾ ਕਿ ਪਾਕਿਸਤਾਨ ਬਣ ਗਿਆ ਹੈ ਔਰ ਲਾਹੌਰ ਉਧਰ ਚਲਾ ਗਿਆ ਹੈ। ਮੇਰੇ ਪਿਤਾ ਜੀ, ਜਿਸ ਵੇਲੇ ਅਸੀਂ ਰਾਤੀਂ ਸੁੱਤੇ ਹਾਂ, ਉਹ ਤੇ ਰੇਡੀਓ ਸੁਨ ਰਹੇ ਸੀ। ਅਸੀਂ ਸੌਂ ਗਏ। ਅਸੀਂ ਸੁੱਤੇ ਹਾਂ, ਤੇ ਉਹਨਾਂ ਦੀ ਦਾੜ੍ਹੀ ਕਾਲੀ ਸੀ। ਅਸੀਂ ਸਵੇਰੇ ਉੱਠੇ ਹਾਂ ਤੇ ਉਹ ਵਾਈਟ ਹੋਈ-ਹੋਈ ਸੀ। ਉਹਨਾਂ ਨੂੰ ਇੰਨਾ ਸ਼ੌਕ ਲੱਗਾ ਕਿ ਲਾਹੌਰ ਉੱਧਰ ਚਲਾ ਗਿਆ ਹੈ, ਮੇਰੀ ਸਾਰੀ ਪਰੌਪਰਟੀ ਚਲੀ ਗਈ ਹੈ ਔਰ ਉਹਨਾਂ ਦੇ ਪੇਰੈਂਟਸ ਵੀ ਉੱਥੇ ਸਨ, ਮੇਰੇ ਦਾਦਾ-ਦਾਦੀ ਤੇ ਉਹ ਉੱਥੇ ਰਹਿ ਗਏ ਨੇ, ਹੁਣ ਉਹਨਾਂ ਨੂੰ ਕਿਸ ਤਰ੍ਹਾਂ ਮੈਂ ਕੱਢ ਕੇ ਲਿਆਵਾਂਗਾ। ਬੱਸ ਇਨੇ ਸਦਮੇ ਨਾਲ ਨਾ ਉਹਨਾਂ ਦੀ ਦਾੜ੍ਹੀ ਚਿੱਟੀ ਹੋ ਗਈ, ਦਾੜ੍ਹੀ ਦੇ ਵਾਲ ਚਿੱਟੇ ਹੋ ਗਏ। ਖੈਰ, ਫੇਰ ਹੌਲੀ-ਹੌਲੀ ਉੱਥੋਂ ਰਿਵਾਈਵ ਕਰਨਾ ਸ਼ੁਰੂ ਕੀਤਾ। ਫੇਰ ਮੈਨੂੰ

ਮੈਡੀਕਲ, ਪ੍ਰੀ-ਮੈਡੀਕਲ 'ਚ ਦਾਖਲ ਕਰਾ ਦਿੱਤਾ ਇਹਨਾਂ ਨੇ। ਉਹਨਾਂ ਨਹੀਂ ਦੱਸਿਆ ਕਿ ਅੱਠਵੀਂ 'ਚ ਦਾਖਲ ਸੀ ਇਹ। ਉਹਨਾਂ ਕਿਹਾ ਕਿ ਦਸਵੀਂ ਦਾ ਇਮਤਿਹਾਨ ਦਿੱਤਾ ਸੀ, ਪੇਪਰ ਸੜ੍ਹ ਗਏ ਨੇ, ਝੂਠ ਬੋਲਿਆ ਤਾਂ ਕਿ ਮੈਨੂੰ ਵੱਡੀ ਕਲਾਸ 'ਚ ਐਡਮਿਸ਼ਨ ਮਿਲ ਜਾਏ। ਤੇ ਮੈਂ ਹਾਲੇ ਪਾਕਿਸਤਾਨ ਬਣਿਆ ਹੀ ਹੈ, ਚਾਰ-ਪੰਜ ਮਹੀਨੇ ਹੀ ਹੋਏ ਸੀ ਕਿ ਅਸੀਂ ਫੇਰ ਜਲੰਧਰ ਚਲੇ ਗਏ। ਉੱਥੇ ਮੈਨੂੰ ਪ੍ਰੀ-ਮੈਡੀਕਲ 'ਚ ਐਡਮਿਸ਼ਨ ਦਵਾ ਦਿੱਤਾ। ਹਾਲੇ ਪੰਜ-ਛੇ ਦਿਨ ਹੋਏ ਸੀ ਕਿ ਉਹਨਾਂ ਕਿਹਾ ਕਿ ਅੱਜ ਡਾਇਸੈਕਸ਼ਨ ਦਾ ਦਿਨ ਹੈ, ਐਨੋਟਮੀ ਦਾ। ਤੇ ਉਹਨਾਂ ਇਕ ਡੱਡੂ ਲਿਆ ਕੇ ਉਹਨੂੰ ਬੇਹੋਸ਼ ਕੀਤਾ, ਉਹਨੂੰ ਉਲਟਾ ਲਿਟਾਇਆ। ਉਹਦਾ ਟਿੱਢ ਉੱਤੇ ਸੀ ਵਾਈਟ-ਵਾਈਟ ਔਰ ਉਹਦੀ ਪਿੱਠ ਥੱਲੇ ਸੀ। ਉਹਨੂੰ ਲਿਟਾ ਕੇ ਉਹਦੇ ਪੈਰਾਂ ਦੇ ਵਿੱਚ ਪਿੰਨ ਖੋਭਿਆ ਸਾਡੇ ਟੀਚਰ ਨੇ। ਜਿਸ ਵੇਲੇ ਪਿੰਨ ਖੋਭਿਆ ਮੈਂ ਬੇਹੋਸ਼ ਹੋ ਕੇ ਠਾਹ ਗਿਰੀ। ਔਰ ਫੇਰ ਮੈਨੂੰ ਤਿੰਨ ਮਹੀਨੇ ਹੋਸ਼ ਨਹੀਂ ਆਇਆ। ਤਿੰਨ ਮਹੀਨੇ ਹਾਈ ਫੀਵਰ, ਉਹਬੁਖਾਰ ਬੜਾ ਉੱਚਾ ਔਰ ਮੈਂ ਬੇਹੋਸ਼। ਮੇਰੇ ਕੋਲੋਂ ਉਹ ਬਰਦਾਸ਼ਤ ਹੀ ਨਹੀਂ ਹੋਇਆ ਉਹ ਪਿੰਨ ਖੋਭਣਾ ਉਹਦੇ ਪੈਰ 'ਚ। ਖੈਰ, ਉਹਨਾਂ ਕਿਹਾ ਇਹ ਕਿਸੇ ਕੰਮ ਦੀ ਨਹੀਂ ਹੈ, ਇਹਨੇ ਮੈਡੀਕਲ-ਸ਼ੈਡੀਕਲ ਨਹੀਂ ਕਰਨਾ, ਇਹਨੂੰ ਗਿਆਨੀ ਕਰਾ ਦਿਓ। ਇਹਨੂੰ ਹੁਣ ਇੰਗਲਿਸ਼ ਓਨਲੀ ਹੁੰਦਾ ਸੀ ਕਿ ਜਿਹੜੇ ਰੈਫਿਊਜੀਜ਼ ਨੇ ਉਹ ਬੀ ਏ ਦੋ ਪਾਰਟਸ 'ਚ ਕਰ ਸਕਦੇ ਸੀ। ਪਹਿਲੋਂ ਖਾਲੀ ਅੰਗ੍ਰੇਜ਼ੀ ਔਰ ਫੇਰ ਦੋ ਸਬਜੈਕਟ। ਤੇ ਖਾਲੀ ਅੰਗ੍ਰੇਜ਼ੀ ਵਾਲਾ ਇਕ ਢਾਬੇ ਵਰਗਾ ਕਾਲਜ ਸੀ, ਬਿਲਕੁਲ ਜਿਸ ਤਰਾਂ ਦੁਕਾਨ ਹੁੰਦੀ ਹੈ। ਤੇ ਉਹ ਕਰੋਲ ਬਾਗ, ਉਹਦੇ ਵਿੱਚ ਮੈਨੂੰ ਦਾਖਲ ਕਰਾ ਤਾ, ਉੱਥੇ ਇਹ ਸਨ। (ਨਹੀਂ ਮੈਂ ਜਲੰਧਰ ਨਹੀਂ ਸਾਂ ਹੈਗਾ)। ਜਲੰਧਰ ਨਹੀਂ ਇੱਥੇ ਦਿੱਲੀ, ਦਿੱਲੀ ਦਾਖਲ ਕਰਾ ਦਿੱਤਾ, ਕਰੋਲ ਬਾਗ। ਉੱਥੇ ਇਹ ਸਨ ਮੈਨੇਜਰ ਸਾਬ ਵੱਡੇ। ਔਰ ਇਹਨਾਂ ਮੈਨੂੰ ਕਿਹਾ ਹੌਲੀ-ਹੌਲੀ ਕਿ ਤੈਨੂੰ ਕੌਮਿਨਿਜ਼ਮ ਬਾਰੇ ਕੁੱਝ ਪਤਾ ਹੈ? ਮੈਂ ਕਿਹਾ ਨਹੀਂ। ਮੈਂ ਛੋਟੀ ਜਿਹੀ ਸੀ। ਉੱਦੋਂ ਕਲਾਸਾਂ ਟੱਪ-ਟੱਪ ਕੇ ਬੀ. ਏ. ਦੇ ਵਿੱਚ ਪਹੁੰਚ ਗਈ ਸੀ। ਤੇ ਇਨਾਂ ਇਹਨਾਂ ਨੇ ਕਿਹਾ ਕਿ ਅੱਛਾ ਮੈਂ ਤੈਨੂੰ ਪੜ੍ਹਾਉਣਾ ਹਾਂ ਫੇਰ। ਤੇ ਉਦੋਂ ਕੌਮਿਨਿਜ਼ਮ, ਕੌਮਿਨਿਸਟ ਪਾਰਟੀ ਬੈਨ ਹੁੰਦੀ ਸੀ। ਸੋ ਪਤਾ ਨਹੀਂ ਕਿਉਂ ਬੈਨ ਸੀ। ਸਰਦਾਰ ਪਟੇਲ ਨੇ ਬੈਨ ਕੀਤੀ ਹੋਈ ਸੀ। ਤੇ ਇਹਨਾਂ ਦਾ ਇਕ ਭਨਵਈਆ ਗੁਰਦਵਾਰੇ ਦੇ ਪਾਸ, ਸਾਡਾ ਗੁਰਦਵਾਰੇ ਦੇ ਸਾਹਮਣੇ ਸੀ ਸਕੂਲ। ਤੇ ਗੁਰਦਵਾਰੇ ਦੇ ਪਾਸ ਉਹ ਗੁਟਕੇ ਵਗੈਰਾ ਤੇ ਬੇਚਦੇ ਨੇ ਨਾ, ਕੜ੍ਹੇ ਔਰ ਗੁਟਕੇ, ਉਹਦੀ ਦੁਕਾਨ ਸੀ ਉਹਨਾਂ ਦੀ। ਸੋ ਗੁਟਕਿਆਂ ਦੇ ਪਿੱਛੇ ਉਹਨਾਂ ਛੁਪਾ ਕੇ ਕਾਰਲ ਮਾਰਕਸ ਔਰ ਹੋਰ ਸਭ ਰੱਖੇ ਹੁੰਦੇ ਸੀ।ਉੱਥੋਂ ਇਹਨਾਂ ਨੇ ਲੈ ਆਉਣਾ ਤੇ ਮੈਨੂੰ ਪੜ੍ਹਾਉਣਾ। ਇਸ ਤਰ੍ਹਾਂ ਮੈਂ ਹੌਲੀ-ਹੌਲੀ ਕੌਮਿਨਿਸਟ ਪਾਰਟੀ ਦੀ ਲਹਿਰ ਦੇ ਵਿੱਚ ਮੈਂ ਵੜ੍ਹ ਗਈ। ਔਰ ਫੇਰ ਤੇ ਅਸੀਂ ਸਾਰੀ-ਸਾਰੀ ਰਾਤ ਬਹਿ ਕੇ ਪੋਸਟਰ ਵੀ ਬਣਾਏ। ਕਿਉਂਕਿ ਬੈਨ ਸੀ ਪਾਰਟੀ, ਇਸ ਕਰਕੇ ਉਹਨਾਂ ਦੇ ਕੋਈ ਵੀ ਪੋਸਟਰ ਛਪ ਨਹੀਂ ਸੀ ਸਕਦੇ। ਤੇ ਉਹ ਸਾਡੇ ਵਰਗੇ ਬੱਚੇ ਬਹਿ ਕੇ ਬਣਾਉਂਦੇ ਹੁੰਦੇ ਸੀ ਉਹਨਾਂ ਦੇ ਪੋਸਟਰ। ਤੇ ਇਕ ਨੀਲੀ ਸ਼ਾਹੀ ਦੀ ਤੇ ਇਕ ਕਾਲੀ ਸਿਆਹੀ ਦੀ ਦਵਾਤ ਰੱਖੀ ਦੀ ਸੀ ਇਕ ਲਾਲ ਸਿਆਹੀ ਦੀ। ਤੇ ਲਾਲ ਸਿਆਹੀ ਦੇ ਨਾਲ ਦਾਤਰੀ ਹਥੌੜਾ ਬਣਾਈਦਾ ਸੀ ਉੱਤੇ। ਤੇ ਕਾਲੀ ਸਿਅਹੀ ਦੇ ਨਾਲ ਪੋਸਟਰ ਲਿਖੀਦਾ ਸੀ। ਤੇ ਮੁੰਡੇ ਰਾਤੋਂ-ਰਾਤ ਜਾ ਕੇ ਲੇਵੀ ਨਾਲ ਚਿਪਕਾ ਦਿੰਦੇ ਸੀ ਕੰਧਾਂ ਤੇ। ਸੋ ਬੜਾ ਪੈਸ਼ਨ ਹੁੰਦਾ ਸੀ ਕਿ ਅਸੀਂ ਕੁਝ ਚੰਗਾ ਕੰਮ ਕਰ ਰਹੇ ਹਾਂ। ਅਸੀਂ ਦੇਸ਼ ਦੇ ਭਲੇ ਵਾਸਤੇ ਇਕ ਨਵੀਂ,ਇਕ ਨਵੀਂ ਸੋਚ ਜਿਹੜੀ ਹੈ, ਜਿਹੜੀ ਰਸ਼ੀਆ ਤੋਂ ਆਈ ਹੈ, ਸੋਵੀਅਟ ਯੂਨੀਅਨ ਤੋਂ, ਉਹ ਸੋਚ ਨੂੰ ਇੱਥੇ ਲਾਗੂ ਕਰਨ ਦੀ ਅਸੀਂ ਕੋਸ਼ਿਸ਼ ਕਰ ਰਹੇ ਹਾਂ, ਲੋਕਾਂ ਦਾ ਭਲਾ ਕਰਨ ਵਾਸਤੇ, ਲੋਕਾਂ ਦੀ ਜ਼ਿੰਦਗੀ ਬਿਹਤਰ ਕਰਨ ਵਾਸਤੇ। ਬੜਾ ਜੋਸ਼ ਹੁੰਦਾ ਸੀ ਕੰਮ ਕਰਨ ਦਾ। ਤੇ ਨਾਲ-ਨਾਲ ਪੜ੍ਹਾਈ ਚਲਦੀ ਗਈ। ਬੀ. ਏ. ਪਹਿਲੋਂ

ਅੰਗ੍ਰੇਜ਼ੀ 'ਚ ਕੀਤਾ। ਉਸ ਤੋਂ ਬਾਅਦ ਮੈਂ ਕਰਨਾ ਸੀ ਅੰਗ੍ਰੇਜ਼ੀ ਦੀ ਲਿਟ੍ਰੇਚਰ ਦਾ ਨਹੀਂ, ਅੰਗ੍ਰੇਜ਼ੀ ਦਾ ਹੋ ਗਿਆ ਔਰ ਇਕਨੌਮਿਕਸ ਔਰ ਪੌਲੀਟੀਕਲ ਸਾਇੰਸ ਦੇ ਬਾਕੀ ਦੋ ਸਬਜੈਕਟਸ ਦਾ ਹੋ ਗਿਆ। ਉਸ ਤੋਂ ਬਾਅਦ ਮੇਰੇ ਫਾਦਰ ਨੇ ਕਿਹਾ ਕਿ ਬਸ ਹੁਣ ਹੋਰ ਪੜ੍ਹਾਉਣ ਦੀ ਨਹੀਂ ਲੋੜ, ਹੁਣ ਤੂੰ ਘਰ ਬੈਠ। ਰੋਟੀ ਪਕਾਉਣਾ ਸਿੱਖ, ਕੋਈ ਸਿਲਾਈ ਕੜ੍ਹਾਈ ਸਿੱਖ, ਕੋਈ ਅਕਲ ਦਾ ਕੰਮ ਸਿੱਖ, ਪੜ੍ਹਾਈਆਂ ਬਹੁਤ ਹੋ ਗਈਆਂ। ਸੋ ਮੈਂ ਭੁੱਖ ਹੜਤਾਲ ਕੀਤੀ ਹੋਈ ਸੀ। ਤੇ ਸਾਡੇ ਘਰ ਆਏ ਇਕ ਪ੍ਰਿੰਸੀਪਲ ਹੁੰਦੇ ਸੀ ਨਿਰੰਜਨ ਸਿੰਘ। ਉਹ ਮੇਰੇ ਪਿਤਾ ਜੀ ਦੇ ਵੀ ਟੀਚਰ ਰਹੇ ਸਨ ਕਿਸੇ ਜ਼ਮਾਨੇ ਦੇ ਵਿੱਚ। ਉਹ ਆਏ ਕਿ ਮੇਰੇ ਕੋਲ ਤਾਂ ਮਕਾਨ ਨਹੀਂ ਹੈਗਾ। ਤੇ ਮਕਾਨ ਅਸੀਂ ਨਵਾਂ-ਨਵਾਂ ਬਣਾਇਆ ਸੀ। ਅਸੀਂ ਹਲੇ ਕਿਰਾਏ ਦੇ ਮਕਾਨ 'ਚ ਹੀ ਰਹਿੰਦੇ ਸੀ। ਤੇ ਮੇਰੇ ਪਿਤਾ ਜੀ ਨੇ ਕਿਹਾ ਕਿ ਤੁਸੀਂ ਉਹ ਲੈ ਲੋ। ਤੁਸੀਂ ਮੇਰੇ ਗੁਰੂ ਹੋ। ਤੁਸੀਂ ਉਹ ਮਕਾਨ ਖਾਲੀ ਪਿਆ ਹੈ ਹਲੀਂ ਅਸੀਂ ਸ਼ਿਫਟ ਨਹੀਂ ਕੀਤਾ, ਤੁਸੀ ਉਹ ਲੈ ਲੋ। ਤੇ ਉਹ ਬੜੇ ਖੁਸ਼ ਹੋਏ। ਉਹਨਾਂ ਫੇਰ ਇੱਧਰ ਦੇਖਿਆ। ਮੈਂ ਕਿਉਂਕਿ ਉਹਨਾਂ ਵਾਸਤੇ ਲੱਸੀ-ਲੁੱਸੀ ਲੈ ਕੇ ਗਈ ਸੀ। ਮੈਨੂੰ ਕਹਿੰਦੇ ਨੇ ਤੂੰ ਕੀ ਕਰਦੀ ਹੈਂ। ਮੈਂ ਕਿਹਾ ਜੀ ਕੁੱਛ ਨਹੀਂ। ਕਹਿੰਦੇ ਤੂੰ ਪੜ੍ਹਦੀ ਨਹੀਂ? ਮੈਂ ਕਿਹਾ ਜੀ ਬੱਸ ਮੈਨੂੰ, ਮੈਂ ਪੜ੍ਹ ਬੈਠੀ ਹਾਂ। ਕੀ ਪੜ੍ਹ ਬੈਠੀ ਹੈਂ? ਮੈਂ ਕਿਹਾ ਬੀ. ਏ. ਕਰ ਬੈਠੀ ਹਾਂ। ਤੇ ਐਮ. ਏ. ਕਿਓਂ ਨਹੀਂ ਕਰਦੀ? ਮੈਂ ਕਿਹਾ ਜੀ ਪਤਾ ਨਹੀਂ ਦਾਰ ਜੀ ਕਹਿੰਦੇ ਨੇ ਕੋਈ ਲੋੜ ਨਹੀਂ। ਸੋ ਦਾਰ ਜੀ ਕੋਲ ਹੀ ਬੈਠੇ ਸੀ, ਮੇਰੇ ਪਿਤਾ ਜੀ। ਤੇ ਉਹਨਾਂ ਉਹਨਾਂ ਨੂੰ ਘੂਰਿਆ ਕਿ ਕਿਓਂ ਨਹੀਂ ਲੋੜ? ਤੇ ਉਹਨਾਂ ਕਿਹਾ ਨਹੀਂ ਇਹ ਕਿੱਥੇ ਭੇਜਾਂਗੇ। ਇਹ ਵਿਚਾਰੀ ਕਿੱਥੇ ਇਕੱਲੀ ਜਾਏਗੀ। ਉਹਨਾਂ ਕਿਹਾ ਕਿਓਂ ਨਹੀਂ ਜਾਏਗੀ? ਸਾਰੀਆਂ ਕੁੜੀਆਂ ਇਕੱਲੀਆਂ ਜਾਂਦੀਆਂ ਨੇ ਜੋ ਕੱਲਿਆਂ ਜਾਂਦਿਆਂ ਕੀ ਹੁੰਦਾ ਹੈ। ਸੋ ਉਹਨਾਂ ਮੇਰੇ ਪਿਤਾ ਜੀ ਨੂੰ ਡਾਂਟਿਆ-ਡੂੰਟਿਆ। ਕਿਹਾ ਕਿ ਮੈਂ, ਮੇਰੇ, ਮੈਂ ਜਿਸ ਕਾਲਜ ਦਾ ਪ੍ਰਿੰਸੀਪਲ ਹਾਂ, ਉਹ ਹੁੰਦਾ ਸੀ ਕੈਂਪ ਕਾਲਜ। ਤੇ ਉਹਦੇ ਵਿੱਚ ਤੁਸੀਂ ਲੈ ਆਉਣਾ, ਸ਼ਾਮੀ ਹੁੰਦੀਆਂ ਸੀ ਕਲਾਸਾਂ। ਓਥੇ ਲੈ ਆਉਣਾ ਤੇ ਐਮ. ਏ. 'ਚ ਦਾਖਲਾ ਕਰਾ ਦਿਓ। ਸੋ ਮੈਨੂੰ ਲੈ ਗਏ ਅਗਲੇ ਦਿਨ ਦਾਰ ਜੀ ਉਹਨਾਂ ਤੋਂ ਡਰਦਿਆਂ, ਪ੍ਰਿੰਸੀਪਲ ਨਿਰੰਜਨ ਸਿੰਘ ਤੋਂ ਡਰਦਿਆਂ। ਲੈ ਗਏ ਔਰ ਜਦੋਂ ਦਾਖਲ ਕਰਾਉਣ ਲੱਗੇ ਮੈਨੂੰ ਕਹਿੰਦੇ ਕਿਹੜਾ ਸਬਜੈਕਟ ਲੈਣਾ। ਮੈਂ ਕਿਹਾ ਇੰਗਲਿਸ਼ ਲਿਟ੍ਰੇਚਰ। ਤੇ ਕਹਿੰਦੇ ਨੇ, ਭਰ ਦਿੱਤਾ? ਉਹਦੇ ਕੋਲੋਂ ਪੁੱਛਿਆ, ਮੈਨੇਜਰ ਕੋਲੋਂ ਕਿ ਕਲਾਸਾਂ ਕਿੰਨੇ ਵਜੇ ਲਗਦੀਆਂ ਨੇ? ਉਹਨੇ ਕਿਹਾ ਕਿ ਉਹ ਤੇ ਤੀਜਾ ਔਰ ਚੌਥਾ ਪੀਰੀਅਡ ਲਗਦਾ ਹੈ। ਸਾਢੇ ਪੰਜ ਵੱਜੇ ਸ਼ਾਮੀ ਕਲਾ ਕਾਲਜ ਸ਼ੁਰੂ ਹੁੰਦਾ ਸੀ। ਉਹਨਾਂ ਕਿਹਾ ਇਹ ਤੇ ਰਾਤ ਪੈ ਜਾਏਗੀ। ਇਕੱਲੀ ਕਿਸ, ਕਿਸ ਤਰ੍ਹਾਂ ਆਏਗੀ। ਨਹੀਂ-ਨਹੀਂ ਇੰਗਲਿਸ਼ ਲਿਟਰੇਚਰ ਨਹੀਂ ਲੈਣਾ। ਹੋਰ ਕੀ ਲੈਣਾ ਹੈ। ਮੈਂ ਕਿਹਾ ਪੋਲੀਟੀਕਲ ਸਾਇੰਸ। ਪੋਲੀਟੀਕਲ ਸਾਇੰਸ ਦੀਆਂ ਵੀ ਕਲਾਸਾਂ ਲੇਟ ਸਨ। ਬਾਕੀ ਕੀ ਬਚਿਆ? ਇਕਨਾਮਿਕਸ। ਇਕਨਾਮਿਕਸ ਦੀਆਂ ਸਾਢੇ ਪੰਜ ਸ਼ੁਰੂ ਹੋ ਜਾਂਦੀਆਂ ਸੀ। ਚਲੋ ਇਕਨਾਮਿਕਸ ਲੈਣੀ ਹੈ ਤੇ ਲਵੋ ਨਹੀਂ ਤਾਂ ਘਰ ਚੱਲੋ। ਸੋ ਇਕਨਾਮਿਕਸ ਇਕੋ ਹੀ ਚੀਜ਼ ਸੀ ਜੀਹਦੇ ਨਾਲ ਮੈਨੂੰ ਸਖਤ ਨਫਰਤ ਸੀ। ਸੋ ਕਿਓਂਕਿ ਕਾਲਜ ਦਾਖਲ ਹੋ ਰਹੀ ਸੀ ਇਸ ਕਰਕੇ ਕਮ-ਸ-ਕਮ ਕਾਲਜ ਤੇ ਆਉਣਾ ਮਿਲੇ, ਸੋ ਇਕਨਾਮਿਕਸ ਲੈ ਲਈ। ਤੇ ਇਕਨਾਮਿਕਸ 'ਚ ਐਮ. ਏ. ਕਰ ਲਿਆ। ਐਮ. ਏ. ਕਰਦਿਆਂ ਹੀ ਵਿਆਹ ਹੋ ਗਿਆ। ਉਹਨਾਂ ਕਿਹਾ ਇਹਦਾ ਵਿਆਹ ਕਰੋ। ਮੇਰੀ ਮਾਂ ਬਿਮਾਰ ਰਹਿੰਦੀ ਸੀ। ਉਹਨਾਂ ਕਿਹਾ ਮੇਰੇ ਮਰਨ ਤੋਂ ਪਹਿਲੇ-ਪਹਿਲੇ ਇਹਦਾ ਕਰ ਦਿਓ। ਮਰੀ ਨਹੀਂ ਉਹ, ਕਿੰਨੇ ਸਾਲ ਨਹੀਂ ਮਰੀ ਫੇਰ। ਉਹ ਅਰਾਮ ਨਾਲ ਜੀਵੀ। ਲੇਕਿਨ ਮੈਨੂੰ ਘਰੋਂ ਕੱਢਣਾ ਸੀ, ਕੱਢ ਦਿੱਤਾ। ਤੇ ਮੈਂ ਹਾਲੀਂ ਸਤਾਰਾਂ ਸਾਲਾਂ ਦੀ ਸੀ। ਸਤਾਰਾਂ-ਅਠਾਰਾਂ ਸਾਲ ਦੀ ਸੀ, ਵਿਆਹ ਹੋ ਗਿਆ। ਔਰ ਮੈਂ ਉਨ੍ਹੀਆਂ ਸਾਲਾਂ ਦੀ ਸੀ ਜਦੋਂ ਮੇਰੀ ਪਹਿਲੀ ਧੀ, ਅਲਪਨਾ, ਇਹ

ਜੰਮ ਪਈ। ਬਸ ਫੇਰ ਗਰਦੋ-ਗੁਬਾਰ ਸ਼ੁਰੂ ਹੋ ਗਿਆ, ਬੱਚਾ ਸਾਂਭੋ, ਘਰ ਸੰਭਾਲੋ, ਨੌਕਰੀ ਕਰੋ। ਨੌਕਰੀ ਮੇਰੇ ਖਾਵੰਦ ਨੇ ਕਿਹਾ ਤੂੰ ਨੌਕਰੀ ਕਰਨੀ ਹੈ, ਆਪਣੇ ਪੈਸੇ ਖੁਦ ਕਮਾਉਣੇ ਹੈ, ਆਪਣੀ ਰੋਟੀ ਦੇ। ਮੈਂ ਤੈਨੂੰ ਰੋਟੀ ਨਹੀਂ ਖਵਾ ਸਕਦਾ। ਆਪਣੇ ਔਰ ਆਪਣੀ ਕੁੜੀ ਵਾਸਤੇ ਖੁਦ ਕਮਾਉਣੇ ਨੇ। ਸੋ ਸਵੇਰੇ-ਸਵੇਰੇ ਉੱਠ ਕੇ ਦੌੜੋ, ਸਕੂਲ ਜਾਓ, ਨੌਕਰੀ ਕਰੋ, ਵਾਪਿਸ ਆਓ, ਬੱਚੇ ਨੂੰ ਸੰਭਾਲੋ, ਘਰ ਸੰਭਾਲੋ। ਮਤਲਬ ਇਕ ਐਸੀ ਉਹ ਸੀ ਦੌੜ ਜੀਹਦੇ ਵਿੱਚ ਮੈਨੂੰ ਲਗਦਾ ਸੀ ਜੇ ਮੈਂ ਮਰ ਜਾਵਾਂ ਤੇ ਬੈਟਰ ਹੈ। ਮੌਤ ਬੈਟਰ ਲੱਗਦੀ ਸੀ। ਲੇਕਨ ਉਹ ਜਿਨਾਂ ਚਿਰ ਜ਼ਿੰਦਾ ਰਹਿਣਾ ਹੈ ਉਨਾਂ ਚਿਰ ਤਾਂ ਜਿਉਣਾ ਹੀ ਹੈ। ਸੋ ਜੀਂਦੀ ਰਹੀ। ਫੇਰ ਇਕ ਹੋਰ ਬੇਟੀ ਪੈਦਾ ਹੋਈ। ਉਹ ਫੇਰ ਗੁਆਚ ਗਈ, ਬੱਸ।

ਜਦੋਂ ਮੈਂ ਐਮ. ਏ. 'ਚ ਪੜ੍ਹਦੀ ਸੀ, ਉੱਦੋਂ ਸ਼ੁਰੂ ਕਰ ਦਿੱਤੀਆਂ ਸੀ ਲਿਖਣੀਆਂ। ਮੇਰਾ ਖਿਆਲ ਹੈ ਜਦੋਂ ਮੈਂ ਇਹਨਾਂ ਦੇ ਕਾਲਜ 'ਚ ਪੜ੍ਹਦੀ ਸੀ, ਉਦੋਂ ਪਹਿਲੀ ਕਹਾਣੀ ਲਿਖੀ ਸੀ। ਤੇ ਮੇਰੇ ਖਾਵੰਦ ਨੇ ਮਨਾ ਕਰ ਦਿੱਤਾ ਸੀ ਖਬਰਦਾਰ ਕੋਈ ਕਹਾਣੀ-ਕਹੂਣੀ ਲਿਖੀ। ਅੱਠ ਸਾਲ ਮੈਂ ਕੋਈ ਕਹਾਣੀ ਨਹੀਂ ਲਿੱਖੀ। ਫੈਸਲਾ ਕਰ ਲਿਆ ਕਿ ਹੁਣ ਬਹੁਤ ਹੋ ਗਿਆ, ਇਹ ਨਹੀਂ ਨਿਭ ਸਕਦਾ ਸਾਡਾ ਰਿਸ਼ਤਾ। ਫੇਰ ਮੈਂ ਵੱਖਰੀ ਹੋ ਗਈ। ਆਪਣੇ ਪੇਰੈਂਟਸ ਕੋਲ ਚਲੀ ਗਈ ਸੀ। ਪੇਰੈਂਟਸ ਕਹਿਣ ਉੱਧਰ ਜਾਹ, ਮੇਰਾ ਘਰਵਾਲਾ ਕਹੇ ਜਾਹ ਪੇਰੈਂਟਸ ਕੋਲ ਰਹਿ। ਪੇਰੈਂਟਸ ਕਹਿਣ ਨਹੀਂ ਆਪਣੇ ਘਰ ਜਾ। ਆਪਣਾ ਘਰ ਤਾਂ ਘਰ ਵਾਲੇ ਦਾ ਘਰ ਹੁੰਦਾ ਹੈ। ਸੋ ਇਸੇ ਤਰ੍ਹਾਂ ਠੁੱਡੇ ਖਾਂਦਿਆਂ-ਖਾਂਦਿਆਂ-ਖਾਂਦਿਆਂ-ਖਾਂਦਿਆਂ ਮੈਂ ਉੱਧੜ ਗਈ। ਉੱਧੜ ਜਾਂਦਾ ਹੈਂ ਨਾ ਬੰਦਾ, ਉਸ ਤਰ੍ਹਾਂ ਉੱਧੜ ਗਈ, ਜਿਸ ਤਰਾਂ ਫੁੱਟਬਾਲਉੱਧੜ ਜਾਂਦਾ ਹੈ।

ਲੇਕਿਨ ਸ਼ੁਰੂ-ਸ਼ੁਰੂ ਵਿੱਚ ਜਿਹੜਾ ਔਰਤ-ਮਰਦ ਦੇ ਸੰਬੰਧ ਨੇ ਉਹਨਾਂ ਦੇ ਬਾਰੇ ਪਹਿਲੀ ਵਾਰੀ ਪੰਜਾਬੀ ਦੇ ਵਿੱਚ ਮੈਂ ਹੀ ਗੱਲ ਕੀਤੀ। ਔਰਤ ਮਰਦ ਦੇ ਰਿਸ਼ਤੇ ਬਾਰੇ, ਜਿਸ ਦੇ ਵਿੱਚ ਸੈਕਸ ਵੀ ਸ਼ਾਮਿਲ ਹੈ। ਤੇ ਮੈਂ ਗੱਲ ਕੀਤੀ। ਇਸ ਕਰਕੇ ਉਸ ਤੋਂ ਬਾਅਦ ਮੈਂ ਕਈ ਕਹਾਣੀਆਂ ਲਿਖੀਆਂ ਜਿਹੜੀਆਂ ਰਾਜਨੀਤਕ ਨੇ, ਜਿਹੜੀਆਂ ਟੈਰਰਇਜ਼ਮ ਦੇ ਨਾਲ ਸੰਬੰਧ ਰੱਖਦੀਆਂ ਨੇ, ਜਿਹੜੀਆਂ, ਜਿਹੜੀਆਂ ਦੁਨੀਆਂ ਦੇ ਹੋਰ ਤਮਾਮ ਵਿਸ਼ਿਆਂ ਨਾਲ ਸੰਬੰਧ ਰੱਖਦੀਆਂ ਨੇ। ਲੇਕਿਨ ਉਹ ਜਿਹੜੀ ਛਾਪ ਹੈ ਨਾ ਕਿ ਔਰਤ ਮਰਦ ਦੇ ਸੰਬੰਧਾਂ ਬਾਰੇ ਗੱਲ ਕਰਦੀ ਹੈ, ਉਹ ਮੇਰੇ ਤੇ ਲੱਗੀ ਹੋਈ ਹੈ। ਕਿ ਇਹ ਸਿਰਫ ਓਹੀ ਲਿਖਦੀ ਹੈ। ਮੈਂ ਸਿਰਫ ਓਹੀ ਨਹੀਂ ਲਿਖਦੀ। ਮੈਂ ਬੜੇ ਡਿਫਰੈਂਟ ਲੈਨੀ ਹਾਂ।

ਸ਼ੈਲੀ ਵਿੱਚ ਥੋੜੀ ਕਵਿਤਾ ਵੀ ਹੈ, ਥੋੜੀ ਨਜ਼ਾਕਤ ਵੀ ਹੈ, ਨਫਾਜ਼ਤ ਵੀ ਹੈ। ਸ਼ੈਲੀ ਮੇਰੀ ਅਲੱਗ ਹੈ, ਇਹ ਮੈਨੂੰ ਪਤਾ ਹੈ।

ਪੰਜਾਬੀ ਬੋਲੀ ਤਾਂ ਬੋਲਣ ਵਾਲੇ ਬੋਲਦੇ ਹੀ ਰਹਿਣਗੇ। ਪੰਜਾਬੀ ਸਾਹਿਤ ਤੋਂ ਥੋੜਾ ਜਿਨਾਂ ਥੋੜੀ ਜਿੰਨੀ ਮੈਂ ਮਾਯੂਸ ਹਾਂ।

ਜਦੋਂ ਮੇਰੀ ਛੋਟੀ ਧੀ ਦੀ ਮੌਤ ਹੋਈ, ਉਹਦੇ ਨਾਂ ਦਾ ਇਕ ਡੀ ਡੀ ਏ ਦਾ ਫਲੈਟ ਬੁੱਕ ਕੀਤਾ ਹੋਇਆ ਸੀ ਮੇਰੇ ਪਿਤਾ ਜੀ ਨੇ। ਦੋਨਾਂ ਮੇਰੀਆਂ ਕੁੜੀਆਂ ਦੇ ਨਾਮ ਤੇ ਦੋ ਫਲੈਟ ਬੁੱਕ ਕੀਤੇ ਹੋਏ ਸੀ, ਰਜਿਸਟਰ ਕਰਾਏ ਹੋਏ ਸੀ। ਤੇ ਉਹਦਾ ਫਲੈਟ ਨਿਕਲ ਆਇਆ ਤੇ ਉਹ ਫਰਾਂਸ ਗਈ ਹੋਈ ਸੀ। ਮੈਂ ਕਿਹਾ ਉਹ ਆਪੇ ਆ ਕੇ ਕਬਜ਼ਾ ਲਏਗੀ। ਉਹ ਨਾ ਉਹ ਵਾਪਸ ਆਈ, ਨਾ ਉਹ ਕਬਜ਼ਾ ਲਿਆ। ਫੇਰ ਵਾਈਸ ਚੇਅਰਮੈਨ ਮੇਰਾ ਵਾਕਫ ਸੀ, ਉਹ ਘਰ ਆਇਆ ਅਫਸੋਸ ਕਰਨ। ਉਹਨੇ ਕਿਹਾ ਉਹ ਕਬਜ਼ਾ ਤਾਂ ਲੈ ਲੋ, ਉਹ ਤੇ ਕੋਈ ਬਹਿ ਜਾਏਗਾ। ਪੈਸੇ ਤੁਸੀਂ

ਦਿੱਤੇ ਹੋਏ ਨੇ ਸਾਰੇ। ਤੇ ਓਥੇ ਕੋਈ ਉਹਦੀ ਯਾਦ ਦੇ ਵਿੱਚ ਕੁਛ ਕਰੋ, ਜੇ ਤੁਹਾਡਾ ਨਹੀਂ ਦਿਲ ਕਰਦਾ ਓਥੇ ਰਹਿਣ ਨੂੰ। ਤੇ ਮੈਂ ਉਹ ਕਬਜ਼ਾ ਲੈ ਕੇ, ਤੇ ਓਥੇ ਸ਼ੁਰੂ ਕੀਤਾ ਸੀ। ਓਥੇ ਇਮਾਰਤਾਂ ਬਣ ਰਹੀਆਂ ਸੀ ਆਸ-ਪਾਸ, ਤੇ ਛੋਟੀਆਂ-ਛੋਟੀਆਂ ਕੁੜੀਆਂ ਵਿਹਲੀਆਂ, ਆਪਣੇ ਨਿੱਕੇ ਭੈਣਾਂ-ਭਰਾਵਾਂ ਨੂੰ ਦੇਖਦੀਆਂ, ਉਹ ਘੁੰਮ ਰਹੀਆਂ ਹੁੰਦੀਆਂ ਸੀ। ਤੇ ਮੈਂ ਉਹਨਾਂ ਨੂੰ ਹੀ ਇਕੱਠੀਆਂ ਕਰਕੇ, ਉਹਨਾਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪੜ੍ਹਾਉਣਾ, ਪੇਂਟਿੰਗ ਸਿਖਾਣੀ ਔਰ। ਇਕ ਉਹਨਾਂ ਜ਼ਮਾਨਿਆਂ 'ਚ ਬੜਾ ਐਕਸਪੋਰਟ ਹੁੰਦਾ ਸੀ ਕੱਪੜੇ, ਜਿਨਾਂ ਤੇ ਰੰਗ ਹੋਇਆ ਹੋਏ ਜਾਂ ਕੋਈ ਡਿਜ਼ਾਇਨ ਬਣਿਆ ਹੋਏ। ਸੋ, ਵੇਲਾਂ-ਬੂਟੀ ਕੱਢਣ ਵਾਲੀ, ਵੇਲਾਂ-ਬੂਟੀ ਛਾਪਣ ਵਾਲੀ ਉਹ ਲੈ ਕੇ ਬਲੌਕਸ ਤੇ ਰੰਗ ਦੇ ਵਿੱਚ ਉਹ ਕੱਪੜੇ ਨੂੰ ਬਣਾ ਕੇ, ਟੈਕਸਟਾਇਲ ਡਿਜ਼ਾਇਨਿੰਗ ਉਹਨੂੰ ਕਹਿੰਦੇ ਨੇ। ਉਹ ਕਰਕੇ ਅਸੀਂ ਵੇਚ ਦਿੰਦੇ ਸੀ। ਤਾਂ ਉਹ ਕੁੜੀਆਂ ਦੇ ਪੈਸੇ ਵੀ ਬਣ ਜਾਂਦੇ ਸੀ। ਤੇ ਇਹ ਇਸ ਤਰ੍ਹਾਂ ਸ਼ੁਰੂ ਹੋਈ ਇਹ ਐਨ. ਜੀ. ਓ.। ਤੇ ਫੇਰ ਮੈਂ ਇਕ ਬਹੁਤ ਵੱਡਾ ਕੰਮ ਇੰਦਰਾ ਗਾਂਧੀ ਨੇ ਮੈਨੂੰ ਦਿੱਤਾ ਸੀ ਕਰਨ ਵਾਸਤੇ ਕਿ ਤੂੰ ਜਿਹੜੀਆਂ ਇੰਪਾਰਟੈਂਟ ਔਰਤਾਂ ਨੇ ਉਹਨਾਂ ਦੀ ਇਕ ਡਾਇਰੈਕਟਰੀ ਬਣਾ। ਤੇ ਉਹ ਮੈਂ ਬਣਾ ਰਹੀ ਸੀ, ਮੈਂ ਦੁਖੀ ਹੋ ਜਾਂਦੀ ਸੀ ਕਿ ਬਹੁਤ ਵੱਡਾ ਕੰਮ ਸੀ ਉਹ। ਤੇ ਮੈਂ ਕਹਿੰਦੀ ਸੀ ਮੇਰੇ ਕੋਲੋਂ ਨਹੀਂ ਹੁੰਦਾ। ਫੇਰ ਉਹ ਬ੍ਰੇਕਫਾਸਟ ਤੇ ਬੁਲਾ ਲੈਂਦੀ ਸੀ, ਇੰਦਰਾ ਗਾਂਧੀ। ਤੇ ਉਹਨੇ ਇਕ ਦਿਨ ਪੁੱਛਿਆ ਕਿ ਤੂੰ ਹੋਰ ਕੀ-ਕੀ ਕਰਦੀ ਹੈਂ? ਮੈਂ ਕਿਆ ਇਹ ਤੇ ਸਿਆਪਾ ਤੁਸੀਂ ਮੇਰੇ ਗੱਲ ਪਾ ਦਿੱਤਾ ਹੈ, ਇਹ ਮੈਂ ਕਰ ਰਹੀ ਹਾਂ। ਲੇਕਿਨ ਹੋਰ ਮੈਂ ਇਕ ਪਰਚਾ ਕੱਢਦੀ ਹਾਂ, ਇਕ ਮੈਗਜ਼ੀਨ ਕੱਢਦੀ ਸੀ, ਉਹ ਇਹਨਾਂ ਨੂੰ ਪਤਾ ਹੈ। ਕਿਉਂਕਿ ਇਹਨਾਂ ਦੀ ਮੱਦਦ ਲੈਂਦੀ ਸੀ ਉਹਦੇ ਵਿੱਚ। ਉਹ ਕੱਢਦੀ ਸੀ ਜਿਹੜੇ ਇਕਨਾਮਿਕਸ ਦਾ, ਟ੍ਰੇਡ ਦਾ। ਤੇ ਉਹ ਕੱਢਦੀ ਸੀ। ਤੇ ਮੈਂ ਕਿਹਾ ਹੁਣ ਮੈਂ ਇਸ ਤਰਾਂ ਕੁੜੀਆਂ ਜਿਹੜੀਆਂ ਸਲਮਸ ਦੀਆਂ ਨੇ। ਜਿਹੜੇ ਕੰਮ ਕਰ ਰਹੇ ਨੇ ਇਮਾਰਤਾਂਬਨਾਉਣ ਦਾ, ਉਹਨਾਂ ਦੀਆਂ ਕੁੜੀਆਂ ਨੇ, ਉਹਨਾਂ ਨੂੰ ਇਕੱਠਿਆਂ ਕਰ ਕੇ ਉਹਨਾਂ ਨੂੰ ਮੈਂ ਪੜ੍ਹਾਉਂਦੀ ਹਾਂ। ਉਹਨਾਂ ਨੂੰ ਸਲਾਈ ਸਿਖਾਉਂਦੀ ਹਾਂ। ਉਹਨਾਂ ਨੂੰ ਟੈਕਸਟਾਇਲ ਡਿਜ਼ਾਇਨਿੰਗ ਸਿਖਾਉਂਦੀ ਹਾਂ। ਉਹ ਬੜ੍ਹੀ ਇੰਪ੍ਰੈਸ ਹੋਈ। ਕਹਿੰਦੀ ਇਹ ਤੇ ਉਹ ਬਿਲਕੁਲ ਅਨਪੜ੍ਹ ਕੁੜੀਆਂ ਨੂੰ ਤੂੰ ਲੈ ਲੈਨੀ ਹੈਂ? ਮੈਂ ਕਿਹਾ ਹਾਂ ਬਿਲਕੁਲ ਅਨਪੜ੍ਹ। ਕਦੀ ਉਹ ਪੜ੍ਹੀਆਂ ਹੀ ਨੀ, ਸਕੂਲ ਗਈਆਂ ਹੀ ਨਹੀਂ। ਤੇ ਉਹ ਕਹਿੰਦੀ ਹੈ ਕਿ ਦਿੱਲੀ ਦੇ ਵਿੱਚ ਕਿਉਂ ਨਹੀਂ ਹੋ ਸਕਦਾ? ਕਿ ਦਿੱਲੀ ਦੇ ਵਿੱਚ ਜਿਹੜਾ ਹੈਗਾ ਅ,ਗਰੀਬ ਕੁੜੀਆਂ ਨੂੰ ਸਿਖਾਉਣ ਦਾ, ਗਰੀਬ ਕੁੜੀਆਂ ਮੁੰਡਿਆਂ ਨੂੰ ਸਿਖਾਉਣ ਦਾ। ਉੱਥੇ ਇਹ ਹੈ ਕਿ ਘੱਟੋ-ਘੱਟ ਬੀ. ਏ ਪਾਸ ਹੋਏ ਬੰਦਾ। ਤੇ ਆਈ. ਆਈ. ਟੀ. ਜਿਹੜਾ ਦਿੱਲੀ ਦਾ ਹੈ ਉਹ ਦੇ ਵੌਂਟ ਗ੍ਰੈਜੁਏਟਸ। ਤੇ ਗ੍ਰੈਜੁਏਟ ਜਿਹੜਾ ਬੰਦਾ ਹੈ ਉਹ ਨਲਕਾ ਠੀਕ ਕਰਨਾ, ਪਲੰਮਿੰਗ ਦਾ ਕੰਮ ਸਿੱਖ ਰਹਿਆ ਹੋਏ, ਬਿਜਲੀ ਦਾ ਕੰਮ ਸਿੱਖ ਰਹਿਆ ਹੋਏ ਤੇ ਕੀ ਉਹਦੇ 'ਚ ਦਿਲ ਹੋਣਾ ਹੈ। ਤੇ ਉਹ ਤੇ ਸੜਦਾ-ਪੁੜਦਾ ਕਰ ਰਿਹਾ ਸੀ। ਤੇ ਉਹਨੇ ਕਿਹਾ ਤੂੰ ਇਹ ਕਰ ਤੇ ਮੈਂ ਤੁਹਾਨੂੰ ਜ਼ਮੀਨ ਦਿੰਦੀ ਹਾਂ ਉਹਤੇ ਬਿਲਡਿੰਗ ਬਣਾ। ਮੈਂ ਕਿਹਾ ਮੇਰੇ ਕੋਲੋਂ ਨਹੀਂ ਬਣਨੀਆਂ ਬਿਲਡਿੰਗਾਂ-ਸ਼ਿਲਡਿੰਗਾਂ। ਉਹ ਕਹਿੰਦੀ ਨਹੀਂ ਬਿਲਡਿੰਗ ਸਾਡੀ ਮਿਨਸਟ੍ਰੀ ਬਣਾ ਦੇਗੀ। ਔਰ ਉਹਨੂੰ ਬੁਲਾਇਆ ਉਹਨੇ ਆਪਣੇ ਔਫੀਸਰ ਨੂੰ ਔਰ ਕਿਹਾ ਡੇਢ ਏਕੜ ਜ਼ਮੀਨ ਇਹਨੂੰ ਅਲੌਟ ਕਰ ਦਿਓ। ਇੱਥੇ ਜੰਗਲ ਹੁੰਦਾ ਸੀ ਸਾਰਾ। ਉਹ ਸੜਕ ਹੈਗੀ ਹੈ ਸਿਰੀ ਫੋਰਟ ਰੋਡ ਉਹਤੋਂ ਲੈ ਕੇ ਪੰਜਸ਼ੀਲ ਤੱਕ ਇਹ ਸਾਰਾ ਜੰਗਲ ਸੀ। ਤੇ ਜੰਗਲ ਦੇ ਵਿੱਚ ਜੰਗਲ ਰੱਖ-ਰੱਖ ਕੇ ਉਹਨਾਂ ਬਣਾਏ ਸੀ ਬਾਰਾਂ ਇੰਸਟੀਚਿਯੂਸ਼ਨਜ। ਵਿੱਚ ਜੰਗਲ, ਵਿੱਚ ਇੰਸਟੀਚਿਯੂਸ਼ਨ, ਵਿੱਚ ਜੰਗਲ, ਵਿੱਚ ਇੰਸਟੀਚਿਯੂਸ਼ਨ। ਤੇ ਉਹਨੇ ਕਿਹਾ ਇਕ ਇਹਨੂੰ ਅਲੌਟ ਕਰ ਦਿਓ। ਸੋ ਡੇਢ ਏਕੜ ਦਾ ਇਕ ਮੈਨੂੰ ਅਲੌਟ ਹੋ ਗਿਆ। ਮੈਂ ਕਿਹਾ ਮੈਂ ਇਹਦਾ ਕੀ ਕਰਾਂ। ਖੈਰ ਹਾਲੇ ਤੇ

ਇਹੀ ਹੋਇਆ ਸੀ ਤੇ ਸਰਕਾਰ ਉਲਟ ਗਈ। ਇੰਦਰਾ ਗਾਂਧੀ ਉਲਟ ਗਈ। ਔਰ ਦੂਜੀ ਸਰਕਾਰ ਆ ਗਈ। ਉਹਨਾਂ ਕਿਹਾ ਹਾਲੇ ਜਿਸ ਤਰਾਂ ਹੈ ਉਸੇ ਤਰਾਂ ਰਹਿਣ ਦਿਓ। ਤੇ ਹਾਲੇ ਕਿਸੇ ਨੂੰ ਹਵਾਲੇ ਨਾ ਕਰੋ। ਹਾਲੇ ਦੋ ਹੀ ਹੋਏ ਸੀ ਅਲੌਟ, ਇਕ ਹਮਦਰਦ ਨੂੰ ਤੇ ਇਕ ਸਾਨੂੰ। ਉਹਨਾਂ ਕਿਹਾ ਇੱਥੇ ਹੀ ਰੋਕ ਦਿਓ ਇਹ ਕੰਮ। ਰੁਕ ਗਿਆ। ਫੇਰ ਦੁਬਾਰਾ ਆਈ ਇੰਦਰਾ ਗਾਂਧੀ। ਫੇਰ ਅਸੀਂ ਕਿਹਾ ਕਿ ਹੁਣ ਸਾਡਾ ਕਿੱਥੇ ਦੇ। ਹਮਦਰਦ ਵਾਲਿਆਂ ਨੇ ਨੱਠ-ਭੱਜ ਕਰ ਕੇ ਉਹਨਾਂ ਨੇ ਤੀਹ ਏਕੜ ਲੈ ਲਿਆ। ਓਥੇ ਪਤਰਾ ਤੋਂ ਅੱਗੇ ਯੂਨੀਵਰਸਿਟੀ ਬਣਾ ਲਈ। ਤੇ ਮੈਂ ਕਿਹਾ ਸ਼ੁਕਰ ਹੈ ਮੁਸੀਬਤ ਖਤਮ ਹੋਈ ਹੈ। ਕੌਣ ਬਣਾਉਂਦਾ ਬਿਲਡਿੰਗਾਂ ਤੇ ਕੌਣ ਮੁਸੀਬਤ ਕਰਦਾ। ਸੋ ਮੈਂ ਪਰਸਿਯੂ ਨਹੀਂ ਕੀਤਾ। ਦਸ ਸਾਲ ਬਾਅਦ ਆਈ ਇੱਕ ਚਿੱਠੀ ਕਿ ਤੁਸੀਂ ਨਾਂਹ ਕਰ ਦਿਓ ਤੇ ਅਸੀਂ ਫਾਇਲ ਬੰਦ ਕਰ ਦਈਏ। ਨਾ ਤੁਸੀਂ ਲੈਂਦੇ ਹੋ, ਨਾ ਤੁਸੀਂ ਆਉਂਦੇ ਹੋਂ, ਨਾ ਤੁਸੀਂ ਉਹਨੂੰ ਪਰਸਿਯੂ ਕਰਦੇ ਹੋਂ। ਤੇ ਉਹ ਫੇਰ ਮੈਂ ਚਲੀ ਗਈ। ਮੈਂ ਕਿਹਾ ਅੱਛਾ ਦੱਸੋ ਕੀ ਦਿੰਦੇ ਹੋਂ ਤੁਸੀਂ? ਕਿੱਥੇ ਦਿੰਦੇ ਹੋ? ਉਹਨਾਂ ਕਿਹਾ ਜੀ ਜੇ ਤੇ ਲੈਣਾ ਹੈ ਡੇਢ ਏਕੜ ਆਪਣਾ ਤੇ ਓਥੇ ਆਪਣਾ ਹਮਦਰਦ ਦੇ ਨਾਲ ਔਰ ਜੇ ਮੈਂ ਕਿਹਾ ਉਸ ਤੋਂ ਘੱਟ ਤੇ ਨਹੀਂ ਕੁੱਛ। ਸਾਰੇ ਹੱਸਦੇ ਸੀ ਕਿ ਜਿਹੜੇ ਸਾਰੇ ਨੇ ਉਹ ਤਾਂ ਕਹਿੰਦੇ ਨੇ ਵੱਧ ਦਿਓ, ਇਹ ਕਹਿੰਦੀ ਹੈ ਘੱਟ ਦਿਓ। ਤੇ ਉਹਨਾਂ ਕਿਹਾ ਕੁਤਬ ਇੰਸਟੀਚਿਯੂਸ਼ਨ ਵਾਲੇ ਏਰੀਏ ਦੇ ਵਿੱਚ ਅੱਧਾ ਏਕੜ ਹੈਗਾ। ਮੈਂ ਕਿਹਾ ਉਸ ਤੋਂ ਘੱਟ? ਉਸ ਤੋਂ ਘੱਟ ਇੱਥੇ ਹੈਗਾ, ਇਕ ਹਜ਼ਾਰ ਗਜ। ਮੈਂ ਕਿਹਾ ਚਲੋ ਇਹੀਓ ਠੀਕ ਹੈ। ਉਹ ਵੇਚਿਆ ਫਟਾ-ਫਟ। ਜਿਹੜਾ ਸਕੇ ਤੇ ਸੀ ਮੇਰਾ ਫਲੈਟ। ਤੇ ਇਹਦੇ ਪੈਸੇ ਦਿੱਤੇ ਤੇ ਇਹ ਲੈ ਲਿਆ। ਫੇਰ ਇਹਦਾ ਬਣਾਉਣਾ ਸ਼ੁਰੂ ਹੋਇਆ। ਅੱਠ ਸਾਲ ਲੱਗੇ ਸਾਨੂੰ ਬਣਾਉਂਦਿਆਂ। ਕਿਉਂਕਿ ਬਣਾਉਣ ਵੇਲੇ ਪੈਸੇ ਕਿੱਥੋਂ ਆਉਣ। (ਪੂਰੀ ਸਟ੍ਰਗਲ ਕੀਤੀ), ਬਹੁਤ। ਓਹੀ ਕਿ ਪੈਂਡਇੰਗ ਵਿਕਦੀ ਸੀ ਤਾਂ ਚਲੋ ਆ ਜਾਓ, ਬਿਲਡਿਰਾਂ ਨੂੰ ਕਹੀਦਾ ਸੀ ਆ ਜਾਓ। ਤੇ ਉਹ ਇੰਨਾ ਬਣਾ ਜਾਂਦੇ ਸੀ। ਫੇਰ ਦੂਜੀ ਪੈਂਡਇੰਗ ਵਿਕਦੀ ਸੀ, ਆ ਜਾਓ। ਫੇਰ ਬਣਾ ਜਾਂਦੇ ਸੀ। ਤੇ ਉਹ ਅੱਠ ਸਾਲ ਲੱਗੇ ਸਾਨੂੰ ਇਹ ਬਣਾਉਂਦਿਆਂ ਇਹ ਬਿਲਡਿੰਗ। ਹੁਣ ਇਹ ਬਿਲਡਿੰਗ ਬਣ ਗਈ ਹੈ। ਉਹ ਸਕੂਲ ਅਸੀਂ ਇੱਥੇ ਲੈ ਆਏ ਹਾਂ। ਥੱਲੇ ਹੈਗਾ ਸਕੂਲ ਉਹ। ਸਕੂਲ ਅਸੀਂ ਇੱਥੇ ਲੈ ਆਏ ਹਾਂ ਉਹ ਜਿਹੜਾ ਗਰੀਬ ਕੁੜੀਆਂ ਦਾ। ਸੋ ਉਹ ਸਲਮਜ ਬੜੇ ਦੂਰ-ਦੂਰ ਹੋ ਗਏ ਨੇ। ਤੇ ਉਹ ਸਲਮਜ ਤੋਂ ਭੇਜਣ ਵਾਸਤੇ ਮਾਪੇ ਜਿਹੜੇ ਨੇ ਉਹ ਰਾਜ਼ੀ ਨਹੀਂ ਹੁੰਦੇ। ਉਹ ਕਹਿੰਦੇ ਨੇ ਬਸਾਂ 'ਚ ਜਾਣਗੀਆਂ, ਮੁੰਡੇ ਛੇੜਣਗੇ। ਅਸੀਂ ਫੇਰ ਆਪਣੀਆਂ ਬੱਸਾਂ ਹਾਇਰ ਕੀਤੀਆਂ ਹੋਈਆਂ ਨੇ ਕਿਰਾਏ ਤੇ। ਸਾਡੀਆਂ ਬੱਸਾਂ ਜਾਂਦੀਆਂ ਨੇ, ਉਹਨਾਂ ਨੂੰ ਸਵੇਰੇ ਚੁੱਕ ਲੈ ਆਉਂਦੀਆਂ ਨੇ। ਉਹ ਸਾਰਾ ਦਿੰਨ ਨਹੀਂ ਕੁੜੀਆਂ ਰਹਿ ਸਕਦੀਆਂ ਕਿਉਂਕਿ ਉਹ ਲੋਕਾਂ ਦੇ ਘਰ ਭਾਂਡੇ ਵੀ ਮਾਂਜਦੀਆਂ ਨੇ। ਉਹ ਲੋਕਾਂ ਦੇ ਘਰ ਕੰਮ ਵੀ ਕਰਦੀਆਂ ਨੇ। ਉਹਨਾਂ ਨੂੰ ਆਪਣੇ ਪੈਸੇ ਵੀ ਕਮਾਉਣੇ ਹੁੰਦੇ ਨੇ। ਉਹ ਅੱਧਾ ਦਿੰਨ ਰਹਿੰਦੀਆਂ ਨੇ ਤੇ ਸਵੇਰੇ ਦਸ ਵਜੇ ਜਿਹੜੀ ਬੱਸ ਆਉਂਦੀਆਂ , ਉਹ ਰਹਿੰਦੀਆਂ ਦੋ ਵਜੇ ਤੱਕ। ਦੋ ਵੱਜੇ ਜਿਹੜੀਆਂ ਬੱਸਾਂ ਆਉਂਦੀਆਂ ਨੇ ਉਹ ਰਹਿੰਦੀਆਂ ਨੇ ਪੰਜ ਵੱਜੇ ਤੱਕ। ਸੋ ਤਿੰਨ ਘੰਟੇ ਸਾਢੇ ਦਸ ਆਉਂਦੀ ਹੈ ਬੱਸ, ਸਾਢੇ ਦਸ ਤੋਂ ਦੋ ਵੱਜੇ ਤੱਕ ਤੇ ਦੋ ਵੱਜੇ ਤੋਂ ਪੰਜ ਵੱਜੇ ਤੱਕ। ਸੋ ਇਹ ਦੋ ਬੈਚਇਜ਼ ਵਿੱਚ ਆਉਂਦੀਆਂ ਨੇ ਕੁੜੀਆਂ। ਸੋ ਇਕ ਤੇ ਉਹ ਕੁੜੀਆਂ ਦਾ ਸਕੂਲ ਹੈ ਇੱਥੇ। ਕੰਪਿਯੂਟਰਸ ਤੋਂ ਲੈ ਕੇ ਇੰਗਲਿਸ਼ ਸਪੀਕਿੰਗ ਕੋਰਸਇਜ਼ ਤੱਕ, ਨਿਟੰਗ, ਸਟਿਚਇੰਗ, ਟੇਲਰਇੰਗ, ਬਿਯੂਟਿਸ਼ਨ ਦਾ ਕੋਰਸ, ਬਿਯੂਟੀ ਕਲਚਰ, ਸਭ ਕੁੱਝ ਅਸੀਂ ਸਿਖਾਉਂਦੇ ਹਾਂ। ਔਰ ਇੱਥੇ ਇਹ ਹੈ ਕਿ ਛੇ ਮਹੀਨੇ ਦਾ ਕੋਰਸ ਕਰਕੇ, ਇਹਨਾਂ ਨੂੰ ਨੌਕਰੀ ਮਿਲ ਜਾਂਦੀ ਹੈ। ਸੋ ਇਹਨਾਂ ਵਾਸਤੇ ਮਤਲਬ

ਜਿਹੜਾ...ਕਿੱਥੇ ਭਾਂਡੇ ਮਾਂਜਣੇ ਲੋਕਾਂ ਦੇ ਔਰ ਕਿੱਥੇ ਇਕ ਪਾਰਲਰ ਵਿੱਚ ਨੌਕਰੀ ਮਿਲ ਜਾਣੀ। (ਸਕਿਲ ਸੈਂਟਰ ਹੈ)। ਹਾਂ...ਸੋ ਸਕਿਲਜ਼ ਅਸੀਂ ਸਿਖਾਉਂਦੇ ਹਾਂ।